## ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ-ਕਮ-ਸਟੇਟ ਪ੍ਰੋਜੈਕਟ ਡਾਇਰੈਕਟਰ

ਪੰਜਵੀ ਮੰਜਿਲ, ਈ ਬਲਾਕ, ਵਿੱਦਿਆ ਭਵਨ, ਫੇਜ਼-8 ਐਸ.ਏ.ਐਸ ਨਗਰ(ਮੁਹਾਲੀ)

---

ਵੱਲ

ਸਮੂਹ ਸਕੂਲ ਮੁੱਖੀ
ਪੰਜਾਬ।

ਮੀਮੋ ਨੰ. Samagra/Plan/2019/208363 ਮਿਤੀ: 22-07-19

**ਵਿਸ਼ਾ: ਸਮਾਰਟ ਸਕੂਲਾਂ ਦੇ ਨਿਰੀਖਣ ਸਬੰਧੀ।**
**ਹਵਾਲਾ: SSS/2019/57872 ਮਿਤੀ 21-02-2019 ਦੀ ਲਗਾਤਰਤਾ ਵਿੱਚ।**

1.0 ਉਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕਰਨਾ ਜੀ।

2.0 ਵਿਭਾਗ ਨੂੰ ਇਸ ਗੱਲ ਦੀ ਬੜੀ ਖੁਸ਼ੀ ਹੈ ਕਿ ਸਰਕਾਰੀ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਗ੍ਰਾਮ ਪੰਚਾਇਤ, local community, ਦਾਨੀ ਸੱਜਣਾਂ, ਸਕੂਲ ਮੈਨੇਜਮੈਂਟ ਕਮੇਟੀ,CSR/NGO ਅਤੇ ਸਕੂਲ ਸਟਾਫ ਵੱਲੋਂ ਵੱਧ ਚੜ੍ਹ ਕੇ ਹਿੱਸਾ ਪਾਇਆ ਜਾ ਰਿਹਾ ਹੈ। ਇਨ੍ਹਾਂ ਦੇ ਅਣਥੱਕ ਉਪਰਾਲਿਆਂ ਅਤੇ ਸਹਿਯੋਗ ਸਦਕਾ ਹੁਣ ਤੱਕ ਲੱਗਭਗ 3500 ਪ੍ਰਾਇਮਰੀ, ਮਿਡਲ, ਹਾਈ, ਸੀਨੀਅਰ ਸੈਕੰਡਰੀ ਸਕੂਲ ਸਮਾਰਟ ਸਕੂਲਾਂ ਵਿੱਚ ਤਬਦੀਲ ਹੋ ਚੁੱਕੇ ਹਨ। ਇਸ ਨਾਲ ਜਿੱਥੇ ਸਕੂਲਾਂ ਦੀ ਨੁਹਾਰ ਬਦਲੀ ਹੈ, ਉੱਥੇ ਵਿਦਿਆਰਥੀਆਂ ਦੀ ਗਿਣਤੀ ਵਿੱਚ ਵਾਧਾ ਅਤੇ quality education ਵਿੱਚ ਵੀ ਸੁਧਾਰ ਹੋਇਆ ਹੈ। ਦੱਸਵੀਂ ਅਤੇ ਬਾਰਵੀਂ ਜਮਾਤਾਂ ਦੇ ਬੋਰਡ ਦੇ ਨਤੀਜੇ ਇਸ ਦੇ ਪ੍ਰਤੱਖ ਪ੍ਰਮਾਣ ਹਨ।

3.0 ਦਫ਼ਤਰ ਦੇ ਧਿਆਨ ਵਿੱਚ ਆਇਆ ਹੈ ਕਿ ਕੁੱਝ ਸਕੂਲ ਮੁਖੀ/ਸਕੂਲ ਸਟਾਫ਼ ਆਪਣੇ ਸਕੂਲ ਨੂੰ ਸਮਾਰਟ ਸਕੂਲ ਵਿੱਚ ਤਬਦੀਲ ਕਰਨ ਤੋਂ ਇਸ ਲਈ ਗੁਰੇਜ਼ ਕਰ ਰਹੇ ਹਨ ਕਿ ਸਮਾਰਟ ਸਕੂਲ ਬਨਣ ਕਾਰਨ ਉਨ੍ਹਾਂ ਦੇ ਸਕੂਲਾਂ ਦੀ ਚੈਕਿੰਗ ਵੱਧ ਜਾਵੇਗੀ। ਇੱਥੇ ਸਪਸ਼ਟ ਕੀਤਾ ਜਾਂਦਾ ਹੈ ਕਿ ਜਿਹੜੇ ਸਕੂਲ ਸਮਾਰਟ ਸਕੂਲਾਂ ਵਿੱਚ ਤਬਦੀਲ ਹੋਣਗੇ ਉਨ੍ਹਾਂ ਸਕੂਲਾਂ ਦੀ ਨਿਰੀਖਣ ਟੀਮਾਂ ਵੱਲੋਂ ਚੈਕਿੰਗ ਨਹੀਂ ਕੀਤੀ ਜਾਵੇਗੀ।

4.0 ਸਕੂਲ ਮੁੱਖੀਆਂ ਵੱਲੋਂ ਆਪਣੇ ਪੱਧਰ ਤੇ ਬਣਾਏ ਗਏ ਸਮਾਰਟ ਸਕੂਲਾਂ ਤੇ ਵਿਭਾਗ ਨੂੰ ਮਾਣ ਹੈ ਅਤੇ ਪੂਰਾ ਭਰੋਸਾ ਹੈ ਕਿ ਉਹ ਅਪਣੇ ਸਕੂਲਾਂ ਨੂੰ ਹੋਰ ਵੀ ਬੁਲੰਦੀਆਂ ਤੇ ਪਹੁੰਚਾਉਣ ਲਈ ਅਣਥੱਕ ਉਪਰਾਲੇ ਕਰਦੇ ਰਹਿਣਗੇ। ਵਿਭਾਗ ਉਮੀਦ ਕਰਦਾ ਹੈ ਕਿ ਬਾਕੀ ਰਹਿੰਦੇ ਸਕੂਲ ਵੀ ਇਨ੍ਹਾਂ ਸਕੂਲਾਂ ਤੋਂ ਪ੍ਰੇਰਨਾ ਲੈਂਦੇ ਹੋਏ ਆਪਣੇ ਸਕੂਲਾਂ ਨੂੰ ਸਮਾਰਟ ਸਕੂਲਾਂ ਵਿੱਚ ਤਬਦੀਲ ਕਰਨ ਲਈ ਵੱਧ ਤੋਂ ਵੱਧ ਯਤਨ ਕਰਨਗੇ।

ਸ/ਦ **ਸਕੱਤਰ ਸਕੂਲ ਸਿੱਖਿਆ**
**ਪੰਜਾਬ।**

ਪਿੱਠ ਅੰਕਣ ਨੰ. Samagra/Plan/2019 / ੮੩੨੩ ਮਿਤੀ: 22-07-19

ਇਸ ਦਾ ਇਕ ਉਤਾਰਾ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਡੀ.ਜੀ.ਐਸ.ਈ.
2. ਪੀ.ਏ. ਟੂ ਡੀ.ਪੀ.ਆਈ (ਸੈ.ਸਿ)
3. ਪੀ.ਏ. ਟੂ ਡੀ.ਪੀ.ਆਈ. (ਐ.ਸਿ)
4. ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ)
5. ਇੰਚਾਰਜ ਸਮੂਹ ਸਿੱਖਿਆ ਸੁਧਾਰ ਟੀਮਾਂ

ਸ/ਦ **ਸਕੱਤਰ ਸਕੂਲ ਸਿੱਖਿਆ**
**ਪੰਜਾਬ।**